FEDERATION OF CALGARY COMMUNITIES

calgarycommunities.com

## ਗਰੈਫਟੀ ਵੈਂਡਨਡਲਿਜ਼ਮ

***ਕੈਲਗਰੀ ਪੁਲੀਸ ਸਰਵਿਸਿਜ ਦੇ ਗਰੈਫਿਟੀ ਕੋਔਰਡੀਨੇਟਰ ਡੇਵ ਲੈਡਿਕ ਦਾ ਇਹ ਲੇਖ ਲਿਖਣ ਲਈ ਖਾਸ ਧੰਨਵਾਦ ।***

ਗਰੈਫਟੀ ਵੈਨਡੇਲਿਜ਼ਮ ਵਿੱਚ ਤਸਵੀਰਾਂ ,ਅੱਖਰ ,ਡਰਾਇੰਗਾਂ ਜਾਂ ਸਟਿੱਕਰਾ ਨੂੰ ਲਾਉਣਾ , ਗਲਤ ਤਰੀਕੇ ਨਾਲ ਲਿਖਣਾਂ,ਖੁਰਚਣਾ ,ਖਰੋਦਣਾਂ ਛਿੜਕਾਉਣਾਂ ਜਾਂ ਕਿਸੇ ਇਮਾਰਤ ਦੀ ਬਣਤਰ ਜਾਂ ਹੋਰ ਸੰਪਤੀ ਉੱਤੇ ਜਾਂ ਨਾਲ ਚਿਪਕਾਉਣਾਂ ਆਦਿ ਆਉਂਦੇ ਹਨ ।ਇਸ ਨੂੰ ਕਈ ਤਰੀਕੇ ਨਾਲ ਕੀਤਾ ਜਾ ਸਕਦਾ ਹੈ ਜਿਸ ਵਿੱਚ ਸਪਰੇ ਪੇਂਟ, ਮਾਰਕਰ ਅਤੇ ਖੁਰਚਣਾਂ ਵਗੈਰਾ ਆਉਂਦੇ ਹਨ । ਮਾਲਕ ਦੀ ਆਗਿਆ ਤੋਂ ਵਗੈਰ ਕੀਤੀ ਗਈ ਗਰੈਫਟੀ ਵੈਨਡੇਲਿਜ਼ਮ ਹੈ ਅਤੇ ਇਹ ਇੱਕ ਅਪਰਾਧ ਹੈ ਜਿਸ ਦੇ ਗੰਭੀਰ ਨਤੀਜੇ ਨਿਕਲਦੇ ਹਨ । ਗਰੈਫਟੀ ਤੁਹਾਡੀ ਕਮਿਉਨਿਟੀ ਦੀਆ ਸਮਸਿਆਵਾਂ ਦੀ ਸ਼ੁਰੂਆਤ ਭਰ ਹੈ , ਜਿਆਦਾਤਰ ਗਰੈਫਟੀ ਕਿਸੇ ਗੈਂਗ ਨਾਲ ਸੰਬੰਧਤ ਨਹੀ ਹੈ,ਪਰ ਅਗਰ ਗਰੈਫਟੀ ਨੂੰ ਅਣਦੇਖਾ ਕੀਤਾ ਜਾਵੇ ਤਾਂ ਹੋਰ ਅਪਰਾਧਿਕ ਕਾਰਵਾਈਆਂ ਨੂੰ ਸ਼ੁਰੂ ਹੋਣ ਵਿੱਚ ਸ਼ਹਿ ਮਿਲ ਸਕਦੀ ਹੈ ਕਿਉਂਕਿ ਇਹ ਧਾਰਣਾਂ ਬਣਦੀ ਹੈ ਕਿ ਇਸ ਇਲਾਕੇ ਦਾ ਧਿਆਨ ਰੱਖਣ ਲਈ ਕੋਈ ਨਹੀਂ ਹੈ ।

## ਗਰੈਫਟੀ ਵੈਨਡੇਲਿਜ਼ਮ ਨੂੰ 311 ਤੇ ਰਿਪੋਰਟ ਕਰਨ ਦੀ ਲੋੜ ਹੈ ।

ਗਰੈਫਟੀ ਵੈਨਡੇਲਿਜ਼ਮ ਤੁਹਾਡੇ ਨੇੜਲੇ ਇਲਾਕੇ ਦਾ ਮਨੋਵਿਗਿਆਨਿਕ ਅਤੇ ਭੌਤਿਕ ਗਿਰਾਵਟ ਦਾ ਕਾਰਣ ਬਣਦਾ ਹੈ । ਇਹ ਵੈਨਡੇਲਿਜ਼ਮ ਅਤੇ ਤੋੜ-ਫੋੜ ਹੈ । ਅਗਰ ਗਰੈਫਟੀ ਵੈਨਡੇਲਿਜ਼ਮ ਨੂੰ ਤੁਰੰਤ ਨਹੀ ਹਟਾਇਆ ਗਿਆ ਤਾਂ ਇਹ ਨਾਂ ਕੀਤੀ ਕਾਰਵਾਈ ਗਰੈਫਟੀ ਵੈਨਡੇਲਿਜ਼ਮ ਨੂੰ ਹੋਰ ਇਮਾਰਤਾਂ ,ਗਲੀਆ ਅਤੇ ਸੰਪਤੀਆ ਤੇ ਫੈਲਣ ਦਾ ਕਾਰਣ ਬਣ ਸਕਦੀ ਹੈ । ਸੰਪਤੀ ਦੀਆ ਕੀਮਤਾਂ ਘੱਟ ਜਾਣਗੀਆ , ਨਾਗਰਿਕ ਅਸੁਰਖਿਅਤ ਮਹਿਸੂਸ ਕਰਨਗੇ ਅਤੇ ਕਮਿਉਨਿਟੀ ਵਿੱਚ ਜਨਤਕ ਜਗਾਂਵਾ ਨੂੰ ਮਾਨਣ ਤੋ ਡਰਨਗੇ ਅਤੇ ਸਥਾਨਿਕ ਕਾਰੋਬਾਰਾਂ ਤੇ ਵੀ ਅਸਰ ਹੋਵੇਗਾ ।

## ਕੀ ਕਰੋ :

1. ਗਰੈਫਟੀ ਵੈਨਡੇਲਿਜ਼ਮ ਨੂੰ ਫੋਟੋ ਲੈ ਕੇ ( ਅਗਰ ਹੋ ਸਕੇ ) ਨੁਕਸਾਨ ਨੂੰ ਰਿਕਾਰਡ ਕਰੋ ।
2. ਸਥਾਨ ਦਾ ਬਿਉਰਾ ਲਿਖੋ ।
3. 311 ਤੇ ਕਾਲ ਕਰਕੇ ਗਰੈਫਟੀ ਦੀ ਰਿਪੋਰਟ ਕਰੋ ।
4. ਆਪਣੀ ਸੰਪਤੀ ਤੋ ਜਾਂ ਆਗਿਆ ਲੈ ਕੇ ਮਾਲਕ ਦੀ ਸੰਪਤੀ ਤੋਂ ਗਰੈਫਟੀ ਹਟਾਓ । ਜਿੰਨਾ ਜਿਆਦਾ ਚਿਰ ਤਕ ਇਸ ਨੂੰ ਦੇਖਣ ਲਈ ਛੱਡਿਆ ਜਾਵੇਗਾ ਉਨਾਂ ਹੋਰ ਇਲਾਕੇ ਵਿੱਚ ਗਰੈਫਟੀ ਦੇ ਆਸਾਰ ਵਧਣਗੇ ।

ਕਿਰਪਾ ਕਰਕੇ www.graffitifreecalgary.ca ਤੇ ਜਾਣਕਾਰੀ ਹਿੱਤ ਜਾਉ ਅਤੇ ਜਾਣੋ ਕਿ ਤੁਸੀ ਕਿਸ ਤਰਾਂ ਗਰੈਫਟੀ ਨੂੰ ਆਪਣੀ ਕਮਿਉਨਿਟੀ ਵਿੱਚੋ ਹੱਲ ਕਰਨ ਲਈ ਫਰਕ ਪਾ ਸਕਦੇ ਹੋ ।